ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026
ISSN: 2583-9446 (O)
Paper Published Id: ARMN040120
Available online at: www.armaan.org.in
DOI: https://doi.org/10.64119/armaan.vol.4.issue1.20

# ਇੱਕੀਵੀਂ ਸਦੀ ਦੇ ਦੰਭੀ ਮਨੁੱਖ ਦਾ ਬਿਰਤਾਂਤ: ਅਫਲਾਤੂ
# Ikivi Sdi De Dambhi Manukh Da Birtant: Aflatu

**ਡਾ. ਸਰਵਦੀਪ ਕੌਰ (Dr. Saravdeep Kaur)**
ਸਹਾਇਕ ਪ੍ਰੋਫ਼ੈਸਰ, ਪੰਜਾਬੀ (Asst. Professor, Punjabi)
ਐਸ. ਜੀ. ਏ. ਡੀ. ਸਰਕਾਰੀ ਕਾਲਜ, ਤਰਨ ਤਾਰਨ (ਪੰਜਾਬ)
Email ID: saravdeep.kaur15@gmail.com ਮੋਬਾਈਲ: +91-89686-10706

*ਸਾਰ (Abstract)*

*ਬਲਦੇਵ ਸਿੰਘ ਦਾ ਨਾਵਲ 'ਅਫਲਾਤੂ' 47 ਕਾਂਡਾਂ ਵਿੱਚ ਫੈਲਿਆ ਇੱਕ ਮਹੱਤਵਪੂਰਨ ਪਾਤਰ-ਪ੍ਰਧਾਨ ਨਾਵਲ ਹੈ, ਜਿਸ ਦਾ ਸਿਰਲੇਖ ਇਸ ਦੇ ਕੇਂਦਰੀ ਪਾਤਰ 'ਬਿਧੀ ਚੰਦ' ਦੀ ਵਿਲੱਖਣ ਸ਼ਖ਼ਸੀਅਤ ਅਤੇ ਵਿਵਹਾਰ ਨੂੰ ਪ੍ਰਤਿਬਿੰਬਤ ਕਰਦਾ ਹੈ। ਇਹ ਨਾਵਲ ਵਾਸਤਵ ਵਿੱਚ 21ਵੀਂ ਸਦੀ ਦੇ ਵਿਸ਼ਵੀਕਰਨ ਅਤੇ ਪੂੰਜੀਵਾਦੀ ਦੌਰ ਵਿੱਚ ਵਿਚਰ ਰਹੇ ਦੰਭੀ, ਮਖੌਟੇਧਾਰੀ ਅਤੇ ਮੌਕਾਪ੍ਰਸਤ ਮਨੁੱਖ ਦੀ ਤ੍ਰਾਸਦਿਕ ਕਹਾਣੀ ਪੇਸ਼ ਕਰਦਾ ਹੈ। ਅਜੋਕੇ ਦੌਰ ਵਿੱਚ ਪਦਾਰਥਕ ਦੌੜ ਅਤੇ ਸਵੈ-ਕੇਂਦਰੀਕਰਨ ਦੀ ਰੁਚੀ ਨੇ ਮਨੁੱਖੀ ਫ਼ਿਤਰਤ ਵਿੱਚੋਂ ਮਾਸੂਮੀਅਤ ਖ਼ਤਮ ਕਰਕੇ ਉਸ ਨੂੰ ਚਾਲਬਾਜ਼ੀ ਅਤੇ ਨਿੱਜਵਾਦੀ ਮਾਨਸਿਕਤਾ ਵੱਲ ਧੱਕ ਦਿੱਤਾ ਹੈ। ਪ੍ਰਸਤੁਤ ਖੋਜ-ਪੱਤਰ ਇਸ ਪਹਿਲੂ ਨੂੰ ਉਘਾੜਦਾ ਹੈ ਕਿ ਕਿਵੇਂ ਬਿਧੀ ਚੰਦ ਵਰਗੇ ਪਾਤਰ ਧਰਮ ਅਤੇ ਨੈਤਿਕਤਾ ਦਾ ਮਖੌਟਾ ਪਹਿਨ ਕੇ ਹਰ ਅਨੈਤਿਕ ਕਾਰਜ (ਜਿਵੇਂ ਚੋਰੀ, ਕਤਲ, ਫ਼ਰੇਬ ਅਤੇ ਨਸ਼ਾ) ਕਰਨ ਦੇ ਬਾਵਜੂਦ ਸਮਾਜ ਵਿੱਚ ਮੋਹਤਬਰ ਬਣੇ ਰਹਿੰਦੇ ਹਨ। ਨਾਵਲ ਦੇ ਵਿਸ਼ਲੇਸ਼ਣ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਅੱਜ ਦਾ ਮਨੁੱਖ ਕਿਵੇਂ ਖਲਨਾਇਕੀ ਰੁਚੀਆਂ ਧਾਰਨ ਕਰਕੇ ਵੀ ਨਾਇਕਤੱਵ ਦਾ ਭਰਮ ਸਿਰਜਣ ਵਿੱਚ ਕਾਮਯਾਬ ਹੋ ਰਿਹਾ ਹੈ।*

***ਕੀਵਰਡ (Keyword):*** *ਬਲਦੇਵ ਸਿੰਘ, ਨਾਵਲ, ਇੱਕਵੀਂ ਸਦੀ, ਦੰਭੀ ਮਨੁੱਖ, ਸ੍ਵੈ-ਕੇਂਦਰੀਕਰਨ, ਸੁਆਰਥ, ਪਦਾਰਥਕ ਦੌੜ।*

ਵਿਸ਼ਵੀਕਰਨ ਦੇ ਪੂੰਜੀਵਾਦੀ ਵਰਤਾਰੇ ਨੇ ਸਮਾਜ ਦੇ ਵਿਭਿੰਨ ਖੇਤਰਾਂ ਵਿਚ ਹੈਰਾਨੀਜਨਕ ਤਬਦੀਲੀਆਂ ਲਿਆਉਣ ਦੇ ਨਾਲ-ਨਾਲ ਵਿਅਕਤੀ ਦੀ ਮਾਨਸਿਕਤਾ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਮਨੁੱਖ ਦੀ ਫ਼ਿਤਰਤ ਉੱਤੇ ਸਵੈ-ਕੇਂਦਰੀਕਰਨ ਦੀ ਰੁਚੀ ਭਾਰੂ ਹੋ ਰਹੀ ਹੈ। ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਉਹ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਕਰਨ ਤੋਂ ਪਰਹੇਜ਼ ਨਹੀਂ ਕਰਦਾ। ਅਜਿਹੇ ਵਿਅਕਤੀ ਲਈ ਮਾਨਵਵਾਦੀ ਗੁਣਾਂ ਦੀ ਕੋਈ ਅਹਿਮੀਅਤ ਨਹੀਂ। ਆਪਣੇ ਸੁਆਰਥ ਖ਼ਾਤਰ ਵਿਅਕਤੀ, ਵਿਅਕਤੀ ਨੂੰ ਮੋਹਰਾ ਬਣਾ ਰਿਹਾ ਹੈ। ਵਿਸ਼ਵੀਕਰਨ ਦੀ ਨਿੱਜਵਾਦੀ ਮਾਨਸਿਕਤਾ ਅਤੇ ਪਦਾਰਥਕ ਦੌੜ ਨੇ ਵਿਅਕਤੀ ਵਿਚਲੀ ਮਾਸੂਮੀਅਤ ਨੂੰ ਖ਼ਤਮ ਕਰਕੇ ਉਸਨੂੰ ਚਾਲਬਾਜ਼ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਬਲਦੇਵ ਸਿੰਘ ਦੇ ਨਾਵਲ ਅਫਲਾਤੂ ਵਿਚ ਅਜਿਹੇ ਸ਼ਾਤਰ ਅਤੇ ਦੰਭੀ ਮਨੁੱਖ ਦਾ ਸਫ਼ਲ ਗਲਪੀ ਬਿੰਬ ਉਜਾਗਰ ਹੁੰਦਾ ਹੈ। ਅਫਲਾਤੂ 47 ਕਾਂਡਾਂ ਅਤੇ 340 ਪੰਨਿਆਂ ਵਿਚ ਫ਼ੈਲਿਆ ਪਾਤਰ ਪ੍ਰਧਾਨ ਨਾਵਲ ਹੈ। ਨਾਵਲ ਦਾ ਸਿਰਲੇਖ ਇਸ ਦੇ ਮੁੱਖ ਪਾਤਰ ਬਿਧੀ ਚੰਦ ਦੇ ਚਰਿੱਤਰ ਨੂੰ ਪ੍ਰਤਿਬਿੰਬਤ ਕਰਦਾ ਹੈ। ਅਫਲਾਤੂ ਨਾਵਲ ਵਾਸਤਵ ਵਿਚ 21 ਵੀਂ ਸਦੀ ਦੇ ਪੂੰਜੀਵਾਦੀ ਦੌਰ ਵਿਚ ਦੰਭੀ, ਭੇਖੀ, ਮਖੌਟੇਧਾਰੀ, ਮੌਕਾਪ੍ਰਸਤ ਮਨੁੱਖ ਦੀ ਕਹਾਣੀ ਹੈ ਜੋ ਆਪਣੇ ਨਿੱਜੀ ਸੁਆਥਰ ਲਈ ਕੋਈ ਵੀ ਚੰਗਾ-ਮਾੜਾ ਕੰਮ ਕਰਨ ਲਈ ਤਿਆਰ ਹੈ। ਅਜੋਕੇ ਮਨੁੱਖ ਦੇ ਕਿਰਦਾਰ ਉੱਤੇ ਨਾਵਲਕਾਰ ਦੁਆਰਾ ਕੀਤੀ ਗਈ ਟਿੱਪਣੀ ਮਹੱਤਵਪੂਰਣ ਹੈ:

> *ਅਫਲਾਤੂ ਇੱਕੀਵੀਂ ਸਦੀ ਦੇ ਉਸ ਦੰਭੀ ਮਨੁੱਖ ਦੀ ਕਹਾਣੀ ਹੈ, ਜਿਹੜਾ ਆਪਣੇ ਨਿੱਜ ਲਈ ਕਿਸੇ ਤਰ੍ਹਾਂ ਦਾ ਵੀ ਪੁੱਠਾ ਸਿੱਧਾ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਲੋੜ ਪੈਣ 'ਤੇ ਉਹ ਕਤਲ ਕਰਦਾ ਹੈ। ਰਾਜਨੀਤਕ ਪਾਰਟੀਆਂ ਬਦਲਣਾ ਉਸ ਦਾ ਸ਼ੌਂਕ ਹੈ। ਸਿਰੇ ਦਾ ਮੌਕਾ ਪ੍ਰਸਤੀ ਉਸ ਦਾ ਉਘੜਵਾਂ ਗੁਣ ਹੈ। ਧਾਰਮਿਕ ਮਨੁੱਖ ਦਾ ਮਖੌਟਾ ਉਸਦੇ ਬੜਾ ਰਾਸ ਆਉਂਦਾ ਹੈ। ਹਰ ਤਰ੍ਹਾਂ ਦੇ ਭੈੜੇ ਬੰਦੇ ਨਾਲ ਉਸ ਦੀ ਨੇੜਤਾ ਹੈ। ਉਸ ਦੇ ਦੋਸਤ ਸਭ ਕੁਝ ਜਾਣਦੇ ਹੋਏ ਵੀ ਉਸ ਦੇ ਅਹਿਸਾਨਾਂ ਹੇਠਾਂ ਏਨੇ ਦਬੇ ਹੋਏ ਹਨ ਕਿ ਉਸ ਵਿਰੁੱਧ ਉਭਾਸਰਦੇ ਨਹੀਂ ਸਗੋਂ ਉਸਦੀਆਂ ਕਰਤੂਤਾਂ ਛੁਪਾਉਣ ਵਿਚ ਸਹਾਈ ਹੁੰਦੇ ਹਨ। ਬਿਧੀਆ ਉਰਫ਼ ਬਿਧੀ ਚੰਦ ਸਿੰਘ ਖ਼ਾਲਸਾ ਨੇ ਸਾਰੀ ਦੁਨੀਆ ਉਂਗਲਾਂ 'ਤੇ ਨਚਾਉਣ ਦਾ ਹੁਨਰ ਸਿੱਖ ਲਿਆ ਹੈ। ਇਸ ਤੋਂ ਉਲਟ ਭੰਤੀ ਗ਼ਰੀਬ ਹੈ, ਦਲਿਤ ਹੈ, ਪਰ ਉਸ ਅੰਦਰ ਮਨੁੱਖਤਾ ਹੈ, ਮੋਹ ਹੈ, ਮਮਤਾ ਹੈ, ਸਿਰੇ ਦੀ ਇਮਾਨਦਾਰੀ। ਵਿਡੰਬਨਾ ਇਹ ਹੈ, ਅੱਜ ਦੁਨੀਆ ਬਿਧੀ ਚੰਦਾਂ ਦੀ ਹੈ, ਭੰਤੀਆਂ ਦੀ ਨਹੀਂ।*[1]

ਸੋ ਨਾਵਲ ਦਾ ਸਿਰਲੇਖ ਅਫਲਾਤੂ ਵੀ ਅਜੋਕੇ ਮਨੁੱਖ ਦੇ ਮੌਕਾਪ੍ਰਸਤ ਕਿਰਦਾਰ ਉੱਤੇ ਵਿਅੰਗ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਸ ਸਿਰਲੇਖ ਦਾ ਸੰਬੰਧ ਯੂਨਾਨੀ ਪਰੰਪਰਾ ਨਾਲ ਜਾ ਜੁੜਦਾ ਹੈ। ਪੰਜਾਬੀ ਕੋਸ਼ ਵਿਚ ਅਫਲਾਤੂ, ਅਫਲਾਤੂਨ ਦੇ ਅਰਥ ਹਨ:

> *"1. ਯੂਨਾਨ ਦਾ ਇਕ ਪ੍ਰਸਿੱਧ ਦਾਰਸ਼ਨਿਕ ਜਾਂ ਫ਼ਿਲਾਸਫਰ ਪਲੈਟੋ, 2. ਨਿਹੈਤ ਹੁਸ਼ਿਆਰ ਜਾਂ ਉਸਤਾਦ ਆਦਮੀ, ਅਫ਼ਾਤ।"*[2]

ਪੰਜਾਬੀ ਸਾਹਿਤ ਸੰਦਰਭ ਕੋਸ਼ ਮੁਤਾਬਿਕ:

> *"ਇਹ ਯੂਨਾਨ ਦਾ ਇਕ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਸੀ। ਇਸ ਦਾ ਮੂਲ*

*ਯੂਨਾਨੀ ਨਾਂ ਅਰਿਸਟੋਕਲਿਸ (Aristocles) ਸੀ ਪਰ ਸਰੀਰਕ ਬਣਾਵਟ ਅਤੇ ਚੌੜੇ ਮੱਥੇ ਵਾਲਾ ਹੋਣ ਕਾਰਨ ਇਹ 'ਪਲਾਤੋਨ' ਉਪਨਾਮ ਨਾਲ ਪ੍ਰਸਿੱਧ ਹੋ ਗਿਆ, ਜਿਸ ਨੂੰ ਅੰਗ੍ਰੇਜ਼ੀ ਵਾਲੇ ਪਲੈਟੋ ਅਤੇ ਅਰਬੀ/ਫ਼ਾਰਸੀ ਵਾਲੇ ਅਫਲਾਤੂਨ ਕਹਿੰਦੇ ਹਨ। ਇਸ ਦੇ ਮਾਤਾ-ਪਿਤਾ ਏਥੇਂਸ ਦੀਆਂ ਉੱਚੀਆਂ ਕੁਲਾਂ ਨਾਲ ਸੰਬੰਧਿਤ ਸਨ। ਅਨੁਮਾਨ ਹੈ ਕਿ ਅਫਲਾਤੂਨ ਦਾ ਜਨਮ 429 ਜਾਂ 427 ਈਸਾ-ਪੂਰਵ ਹੋਇਆ।"* [3]

ਮਹਾਨ ਕੋਸ਼ ਅਨੁਸਾਰ:

*"ਅਫਲਾਤੂਨ ਦੀ ਦਾਨਾਈ ਅਤੇ ਵਿਦ੍ਵੱਤਾ ਦਾ ਸਿੱਕਾ ਲੋਕਾਂ ਦੇ ਚਿੱਤ ਤੇ ਅਜਿਹਾ ਬੈਠਾ ਕਿ ਜਦ ਕਿਸੇ ਯੋਗ ਆਦਮੀ ਦੀ ਉਸਤਤ ਕਰਦੇ ਹਨ, ਤਦ ਉਸ ਨੂੰ ਅਫਲਾਤੂਨ ਦੀ ਉਪਮਾ ਦਿੰਦੇ ਹਨ।"* [4]

ਇਸ ਤਰ੍ਹਾਂ ਯੂਨਾਨੀ ਪਰੰਪਰਾ ਵਿਚ ਹੁਸ਼ਿਆਰ, ਉਸਤਾਦ ਅਤੇ ਸਿਆਣੇ ਵਿਅਕਤੀ ਨੂੰ ਅਫਲਾਤੂਨ ਦੀ ਸੰਗਿਆ ਦਿੱਤੀ ਜਾਂਦੀ ਹੈ। ਸਮੇਂ ਅਤੇ ਸਥਾਨ ਦੇ ਪਰਿਵਰਤਨ ਨਾਲ 'ਅਫਲਾਤੂ' ਸ਼ਬਦ ਅਰਥ ਅਪਕਰਸ਼ (ਉੱਚੇ ਤੋਂ ਨੀਵੇਂ ਅਰਥਾਂ ਵਿਚ ਤਬਦੀਲ ਹੋਣਾ) ਦੀ ਦਿਸ਼ਾ ਵਿਚ ਤਬਦੀਲ ਹੋਇਆ ਹੈ। ਪੰਜਾਬੀ ਵਿਚ ਇਸ ਦੇ ਸੰਦਰਭ ਯੂਨਾਨੀ ਪਰੰਪਰਾ ਨਾਲੋਂ ਬਿਲਕੁਲ ਉਲਟ ਹਨ। ਵਰਤਮਾਨ ਸਮੇਂ ਇਕ ਝੂਠੇ, ਫਰੇਬੀ, ਮਖੌਟਾਧਾਰੀ, ਮੱਕਾਰ, ਚਾਲਬਾਜ਼, ਦੋਗ਼ਲੇਪਨ ਵਾਲੇ ਗੁਣਾਂ ਦੇ ਧਾਰਨੀ ਮਨੁੱਖ ਲਈ ਇਹ ਵਿਸ਼ੇਸ਼ਣ ਵਿਅੰਗ ਵਜੋਂ ਵਰਤਿਆ ਜਾਣ ਲੱਗਾ ਹੈ।

*ਪੰਜਾਬੀ ਕੋਸ਼ ਵਿਚ ਇਸ ਸ਼ਬਦ ਦੇ ਬਦਲਵੇ ਸੰਦਰਭ 'ਅਫਲਾਤੂਨ ਦਾ ਸਾਲਾ' ਦੇ ਰੂਪ ਵਿਚ ਅਰਥ ਪੇਸ਼ ਕੀਤੇ ਹਨ। ਜਿਸ ਦਾ ਮਤਲਬ ਹੈ, "ਜੋ ਬੜਾ ਚਲਾਕ ਅਰ ਹੁਸ਼ਿਆਰ ਬਣਨ ਦੀ ਕੋਸ਼ਿਸ਼ ਕਰੇ ਉਸ ਦੀ ਨਿੰਦਿਆ ਵਜੋਂ ਬੋਲਿਆ ਜਾਂਦਾ ਹੈ।"* [5]

ਨਾਵਲ ਦੇ ਕੇਂਦਰੀ ਪਾਤਰ ਬਿਧੀ ਚੰਦ ਦੀ ਬਿਰਤੀ ਅਫਲਾਤੂ ਵਾਲੀ ਹੈ। ਇਹ ਸਮੁੱਚਾ ਨਾਵਲ ਬਿਧੀ ਚੰਦ ਦੀਆਂ ਕਾਰਗੁਜ਼ਰੀਆਂ ਦੁਆਲੇ ਘੁੰਮਦਾ ਹੈ। ਉਹ ਮੌਕਾਪ੍ਰਸਤ ਅਤੇ ਸ਼ਾਤਰ ਦਿਮਾਗ ਵਾਲਾ ਬੰਦਾ ਹੈ ਜੋ ਆਪਣਾ ਮਤਲਬ ਕੱਢਣ ਲਈ ਕਿਸੇ ਨਾਲ ਵੀ ਫਰੇਬ ਕਰਨ ਤੋਂ ਸੰਕੋਚ ਨਹੀਂ ਕਰਦਾ। ਝੂਠ ਬੋਲਣਾ ਉਸ ਦਾ ਸ਼ੌਕ ਹੈ। ਬਿਨਾਂ ਮਿਹਨਤ ਕੀਤੇ ਆਪਣੀਆਂ ਚਾਲਬਾਜ਼ੀਆਂ ਰਾਹੀਂ ਲੋਕਾਂ ਨੂੰ ਆਪਣੇ ਮਗਰ ਲਾ ਕੇ ਉਹਨਾਂ ਨੂੰ ਠੱਗਣ ਦੀ ਉਸ ਕੋਲ ਕਲਾ ਹੈ। ਨਾਵਲ ਵਿਚ ਬਿਧੀ ਚੰਦ ਲਾਲਿਆਂ ਦਾ ਮੁੰਡਾ ਹੈ। ਨਾਵਲ ਦੇ ਆਰੰਭ ਵਿਚ ਹੀ ਜੱਟਾਂ ਦੀ ਕੁੜੀ ਬੀਬੋ ਨਾਲ ਚੋਰੀ-ਛਿਪੇ ਬਣਾਏ ਜਿਨਸੀ ਸੰਬੰਧਾਂ ਦਾ ਭੇਦ ਖੁੱਲ੍ਹਣ ਉੱਤੇ ਬਿਧੀ ਚੰਦ ਦੇ ਮਿੱਤਰਾਂ ਦੀ ਢਾਣੀ ਉਸ ਦੇ ਕਿਰਦਾਰ ਉੱਤੇ ਵਿਅੰਗ ਕਰਦੀ ਹੈ। ਬਿਸ਼ਨਾ ਦੇ ਬੋਲ ਹਨ,

*"ਇਹ ਭੈਣ ਦੇਣਾ ਵਿਗੜਿਆ ਬਾਣੀਆਂ ਪੂਰਾ ਫਲਾਤੂ ਐ ਸਾਲਾ।"* [6]

ਬੀਬੋ ਨਾਲ ਸਥਾਪਿਤ ਸੰਬੰਧਾਂ ਕਰਕੇ ਉਸ ਦੇ ਚਾਚੇ ਦਾ ਮੁੰਡਾ ਧੀਰਾ ਬਿਧੀ ਚੰਦ ਦੀ ਜਾਨ ਦਾ ਦੁਸ਼ਮਣ ਬਣ ਜਾਂਦਾ ਹੈ। ਆਪਣੀ ਜਾਨ ਬਚਾਉਣ ਖ਼ਾਤਰ ਘਰੋਂ ਕਣਕ ਪਿਹਾਉਣ ਗਿਆ ਬਿਧੀ ਚੰਦ ਬਿਨਾਂ ਕਿਸੇ ਨੂੰ ਦੱਸੇ ਪਿੰਡ ਛੱਡ ਕੇ ਫਿਰੋਜ਼ਪੁਰ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ ਅਤੇ ਲਗਭਗ ਤਿੰਨ ਸਾਲਾਂ ਪਿੱਛੋਂ ਫਿਰ ਚੁਪ-ਚਪੀਤੇ ਪਿੰਡ ਵਿਚ ਪ੍ਰਗਟ ਹੋ ਜਾਂਦਾ ਹੈ। ਬਿਧੀ ਚੰਦ ਦਾ ਆਪਹੁਦਰਾ ਸੁਭਾਅ ਉਸ ਨੂੰ ਇਕ ਜਗ੍ਹਾ ਟਿਕਣ ਨਹੀਂ ਦਿੰਦਾ। ਉਹ ਫ਼ੌਜ ਤੋਂ ਵੀ ਭਗੌੜਾ ਹੋ ਜਾਂਦਾ ਹੈ ਅਤੇ ਪਿੰਡ ਵਾਲਿਆਂ ਲਈ ਬੁਝਾਰਤ ਬਣਿਆ ਬਿਧੀਆ ਇਕ ਵਾਰ ਫੇਰ ਬਿਨਾਂ ਕਿਸੇ ਨੂੰ ਇਤਲਾਹ ਕੀਤੇ ਪਟਨੇ ਆਪਣੀ ਭੈਣ ਲਾਜੋ ਅਤੇ ਜੀਜੇ ਮੋਹਨ ਲਾਲ ਕੋਲ ਚਲਾ ਜਾਂਦਾ ਹੈ। ਉੱਥੇ ਉਹ ਲਾਇਸੰਸ ਬਣਵਾ ਕੇ ਡਰਾਇਵਰ ਦਾ ਕਿੱਤਾ ਅਪਨਾ ਲੈਂਦਾ ਹੈ। ਉਸ ਦਾ ਅੱਖੜ ਅਤੇ ਲੜਾਕੂ ਸੁਭਾਅ ਉਸ ਦੇ ਜੀਜੇ ਦੇ ਕਿੱਤੇ ਵਿਚ ਅੜਚਨ ਬਣਦਾ ਹੈ। ਆਪਣੇ ਆਪਹੁਦਰੇ ਅਤੇ ਗੁਸੈਲੇ ਸੁਭਾਅ ਕਰਕੇ ਛੋਟੀ ਜਿਹੀ ਗੱਲ ਪਿੱਛੇ ਉਹ ਬਿਹਾਰੀ ਡਰਾਇਵਰ ਲਾਖਣ ਦਾ ਕਤਲ ਕਰ ਦਿੰਦਾ ਹੈ। ਉਹ ਡਰਾਇਵਰੀ ਕਿੱਤੇ ਦੇ ਸਾਰੇ ਭੇਤ ਸਿੱਖ ਲੈਂਦਾ ਹੈ। ਉਹ ਗੱਲ-ਗੱਲ ਉੱਤੇ ਝੂਠ ਬੋਲਦਾ ਹੈ ਅਤੇ ਆਪਣੇ ਮਨ ਦਾ ਭੇਦ ਕਿਸੇ ਨੂੰ ਨਹੀਂ ਦਿੰਦਾ। ਮੌਕੇ ਦੀ ਨਜ਼ਾਕਤ ਨੂੰ ਸਮਝਦੇ ਹੋਏ ਆਉਣ ਵਾਲੇ ਕਿਸੇ ਖ਼ਤਰੇ ਤੋਂ ਬਚਣ ਲਈ ਉਹ ਯੂਨੀਅਨ ਦੇ ਮਾਲਕ ਨੂੰ ਮਾਂ ਮਰਨ ਦਾ ਝੂਠ ਬੋਲਕੇ ਅਤੇ ਐਂਡਵਾਸ ਪੈਸੇ ਫੜ੍ਹ ਕੇ ਆਪਣੀ ਬਦਲੀ ਪਹਿਚਾਣ ਨਾਲ ਮੁੜ ਪਿੰਡ ਵਾਪਸ ਪਰਤ ਜਾਂਦਾ ਹੈ:

*ਕਿਸੇ ਨੂੰ ਭੇਦ ਨਾ ਦੇਣਾ। ਸ਼ਰੇਆਮ ਝੂਠ ਬੋਲਣਾ। ਜਾਣਾ ਹੁੰਦਾ ਅਸਾਮ ਵੱਲ ਦੱਸਣਾ ਉੜੀਸਾ ਵੱਲ। ਵਾਹ ਲੱਗਦੀ ਹਰ ਇਕ ਨੂੰ ਉਂਗਲੀ 'ਤੇ ਨਚਾਉਣ ਦੀ ਤਾਕ ਵਿਚ ਰਹਿਣਾ। ਮੱਲੋ ਮੱਲੀ, ਕਿਸੇ ਹੋਰ ਦੀ ਲੜਾਈ ਵਿਚ ਟੰਗ ਜਾ ਫਸਾਉਣਾ ਤੇ ਫਿਰ ਖ਼ਤਰਾ ਵੇਖਦਿਆਂ ਹੀ ਖਿਸਕ ਜਾਣਾ। ਜੇ ਦੋ ਧਿਰਾਂ 'ਚ ਲੜਾਈ ਹੋ ਵੀ ਗਈ ਤਾਂ ਸੁਲਾਹ ਕਰਵਾਉਣ ਦੀ ਬਜਾਏ ਉੱਪਰ ਹੋਰ ਤੇਲ ਪਾਉਣਾ।... ਇਹ ਗੱਲਾਂ ਬਿਧੀ ਚੰਦ ਲਈ ਆਮ ਸਨ। ਕਿਧਰੇ ਵੀ ਕੋਈ ਧਿਰ ਲੜਦੀ ਤਾਂ ਡਰਾਈਵਰਾਂ ਨੇ ਸਮਝਣਾ, ਉਹਨਾਂ 'ਚ ਬਿਧੀ ਚੰਦ ਤਾਂ ਹੋਣਾ ਈ ਐ।*[7]

ਨਾਵਲ ਵਿਚ ਬਿਧੀ ਚੰਦ ਆਪਣੇ ਹਿੱਤਾਂ ਨੂੰ ਵੇਖਦਾ ਹੋਇਆ ਕਦੇ ਕਬੱਡੀ ਦਾ ਖਿਡਾਰੀ, ਕਦੇ ਫ਼ੌਜੀ, ਕਦੇ ਡਰਾਇਵਰ, ਕਦੇ ਵੈਦ, ਕਦੇ ਗ੍ਰੰਥੀ, ਕਦੇ ਰਾਜਸੀ ਕਾਰਕੁੰਨ ਅਤੇ ਕਦੇ ਮਾਲਸ਼ੀ ਵਜੋਂ ਕਿਰਦਾਰ ਵਟਾਉਂਦਾ ਹੈ। ਉਸ ਦੁਆਰਾ ਧਾਰਨ ਕੀਤੇ ਹਰੇਕ ਰੂਪ ਵਿਚ ਉਸ ਦੀ ਸ਼ਲਾਘਾ ਬਣੀ ਰਹਿੰਦੀ ਹੈ। ਆਪਣੇ ਵਿਅਕਤੀਵਾਦੀ ਸੁਭਾਅ ਕਰਕੇ ਉਸ ਲਈ ਸਭ ਰਿਸ਼ਤੇ ਲੋੜਾਂ ਅਤੇ ਗਰਜ਼ਾਂ ਤੱਕ ਹੀ ਅਹਿਮੀਅਤ ਰੱਖਦੇ ਹਨ। ਇੱਥੋਂ ਤੱਕ ਕਿ ਭੰਤੋਂ ਦੇ ਸਮਰਪਣ ਨੂੰ ਵੀ ਉਹ ਆਪਣੀ ਲੋੜ ਤੱਕ ਹੀ ਸੀਮਿਤ ਰੱਖਦਾ ਹੈ। ਉਸ ਦੇ ਸੁਭਾਅ ਵਿਚ ਇਕ ਖ਼ਾਸ ਗੱਲ ਇਹ ਹੈ ਕਿ ਉਹ ਆਪਣੇ-ਆਪ ਤੋਂ ਬਿਨਾਂ ਕਿਸੇ ਉੱਤੇ ਵਿਸ਼ਵਾਸ ਨਹੀਂ ਕਰਦਾ। ਲੋੜ ਪੈਣ ਉੱਤੇ ਉਹ ਆਪਣੇ ਜਿਗਰੀ ਦੋਸਤ ਮਾਘੀ ਅਤੇ ਦੁੱਖ-ਸੁੱਖ ਦੀ ਭਾਈਵਾਲ ਦਲਿਤ ਪਾਤਰ ਭੰਤੋਂ ਨੂੰ ਵੀ ਝੂਠ ਬੋਲਦਾ ਹੈ। ਉਸ ਕੋਲ ਦੁਨੀਆ ਨੂੰ ਠੱਗਣ ਦਾ ਹੁਨਰ ਹੈ। ਕਲਕੱਤੇ ਉਹ ਡੋਡਾ ਦੇਵਤਾ ਦੇ ਨਾਮ ਉੱਤੇ ਪੰਡਤ ਕੋਲੋਂ ਦੁੱਧ ਅਤੇ ਖੀਰ ਠੱਗਦਾ ਹੈ। ਉਹ ਕਦੇ ਵੈਦ, ਕਦੇ ਮਾਲਸ਼ੀ, ਕਦੇ ਰਾਜਸੀ ਮੋਹਤਬਰ ਅਤੇ ਕਦੀ ਖ਼ਾਲਸਾ ਬਣ ਕੇ ਬਿਨਾਂ ਕਿਸੇ ਨੂੰ ਕੋਈ ਭੇਤ ਦਿੱਤੇ ਦੁਨੀਆ ਨਾਲ ਠੱਗੀਆਂ ਮਾਰਦਾ ਹੈ। ਬਿਧੀ ਚੰਦ ਦੁਆਰਾ ਕਹੇ ਹੇਠਲੇ ਸ਼ਬਦ ਦੁਨੀਆ ਦੀ ਅਗਿਆਨਤਾ ਉੱਤੇ ਵਿਅੰਗ ਹਨ:

*ਇਕ ਦਿਨ ਸ਼ਰਾਬੀ ਹੋਏ ਨੇ ਭੰਤੋਂ ਨੂੰ ਕਿਹਾ, 'ਦੁਨੀਆ ਲੁੱਟਣ ਆਲੀ ਪਈ ਐ। ਲੁੱਟਣ ਦਾ ਵੱਲ ਆਉਣਾ ਚਾਹੀਦਾ। ਕੋਈ ਲੀਡਰ ਬਣ ਕੇ ਲੁੱਟੀ ਜਾਂਦੈ, ਕੋਈ ਸਾਧ ਬਣ ਕੇ, ਆਪਾਂ ਵੈਦ ਬਣ ਕੇ ਲੁੱਟੀ ਜਾਨੇ ਐਂ।*[8]

ਅੱਤਵਾਦ ਦੇ ਦੌਰ ਵਿਚ ਬਿਧੀ ਚੰਦ ਸਿਰ ਉੱਤੇ ਪਰਨਾ ਬੰਨਣ ਲੱਗਦਾ ਹੈ ਅਤੇ ਉਸ ਸਮੇਂ ਦੇ ਦਹਿਸ਼ਤਗਰਦੀ ਵਾਲੇ ਮਾਹੌਲ ਦਾ ਫ਼ਾਇਦਾ ਚੁੱਕ ਕੇ ਪਿੰਡ ਵਿਚ ਦੋ ਵਾਰ ਸਿੰਗਾਪੁਰੀਆਂ ਦੇ ਘਰ ਅਤੇ ਕੈਨੇਡਾ ਵਾਲਿਆਂ ਦੇ ਘਰ ਮਾਘੀ ਨਾਲ ਮਿਲ

ਕੇ ਚੋਰੀ ਕਰਦਾ ਹੈ ਅਤੇ ਇਕ ਖਾੜਕੂ ਨੌਜਵਾਨ ਦਾ ਕਤਲ ਵੀ ਕਰ ਦਿੰਦਾ ਹੈ। ਅਜਿਹੇ ਕਾਰਨਾਮਿਆਂ ਦੇ ਬਾਵਜੂਦ ਪਿੰਡ ਵਿਚ ਕਿਸੇ ਨੂੰ ਵੀ ਉਸ ਉੱਤੇ ਸ਼ੱਕ ਨਹੀਂ ਹੁੰਦਾ। ਖਾੜਕੂਆਂ ਦੇ ਡਰ ਤੋਂ ਉਹ ਅੰਮ੍ਰਿਤ ਛਕ ਕੇ ਬਿਧੀ ਚੰਦ ਸਿੰਘ ਖ਼ਾਲਸਾ ਬਣਦਾ ਹੈ। ਬਿਧੀ ਚੰਦ ਜਿਹੇ ਫ਼ਰੇਬੀ ਮਨੁੱਖ ਲਈ ਧਰਮ ਦਾ ਪਰਦਾ ਬਹੁਤ ਰਾਸ ਆਉਂਦਾ ਹੈ। ਉਸ ਦੁਆਰਾ ਕੀਤੇ ਸਾਰੇ ਗੁਨਾਹ ਖ਼ਾਲਸਾ ਸਰੂਪ ਪਿੱਛੇ ਲੁੱਕ ਜਾਂਦੇ ਹਨ। ਉਹ ਗੁਰਦੁਆਰੇ ਪਾਠ ਕਰਦਾ ਹੈ ਅਤੇ ਗੁਰਬਾਣੀ ਨੂੰ ਆਪਣੇ ਨਿੱਜੀ ਸੁਆਰਥ ਲਈ ਵਰਤਦਾ ਪਰੰਤੂ ਆਪਣੇ ਘਰ ਸਿੱਖੀ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਨਾ ਕੇਵਲ ਸ਼ਰਾਬ ਦਾ ਸੇਵਨ ਕਰਦਾ ਹੈ ਸਗੋਂ ਸ਼ਰਾਬ ਦੀ ਭੱਠੀ ਵੀ ਲਗਾਉਂਦਾ ਹੈ ਅਤੇ ਆਪਣੇ ਮਿੱਤਰਾਂ ਨੂੰ ਸ਼ਰਾਬ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਆਪਣੇ ਵੱਸ ਵਿਚ ਰੱਖਦਾ ਹੈ। ਉਹ ਅਨੇਕ ਚਾਲਾਂ ਚਲ ਕੇ ਪਿੰਡ ਦੇ ਸਰਪੰਚ ਸੇਵਾ ਸਿੰਘ ਨਾਲ ਨੇੜਤਾ ਪੈਦਾ ਕਰਦਾ ਹੈ ਅਤੇ ਪਿੰਡ ਦਾ ਮੋਹਤਬਰ ਬੰਦਾ ਬਣ ਜਾਂਦਾ ਹੈ। ਪਿੰਡ ਦੇ ਵਸਨੀਕ ਬਿਧੀ ਚੰਦ ਦੇ ਮੂਲ ਸੁਭਾਅ ਤੋਂ ਜਾਣੂ ਹੁੰਦੇ ਹੋਏ ਵੀ ਉਸ ਦੀ ਹਾਜ਼ਰ-ਜੁਆਬੀ ਕਰਕੇ ਉਸ ਸਾਹਮਣੇ ਟਿਕ ਨਹੀਂ ਪਾਉਂਦੇ ਪਰੰਤੂ ਉਸ ਦੀ ਪਿੱਠ ਪਿੱਛੇ ਉਸ ਲਈ 'ਫ਼ਸਲੀ ਬਟੇਰਾ, ਪੌਣ ਕੁੱਕੜ, ਚੱਕਵਾਂ ਚੁੱਲ੍ਹਾ, ਚੁਫੇਰ ਗੜ੍ਹੀਆ ਆਦਿ ਸ਼ਬਦ ਵਰਤਦੇ ਹਨ। ਉਹ ਮਝੈਲ ਡਰਾਇਵਰ ਦੀ ਮਦਦ ਨਾਲ ਚੰਡੀਗੜ੍ਹ ਤੋਂ ਸਸਤੀ ਸ਼ਰਾਬ ਲਿਆ ਕੇ ਮਹਿੰਗੇ ਭਾਅ ਵੇਚਦਾ ਹੈ। ਕਾਮਰੇਡ ਤੇਗਾ ਸਿੰਘ ਦੇ ਬੋਲ ਬਿਧੀ ਚੰਦ ਦੇ ਸੁਭਾਅ ਤੋਂ ਪਰਦਾ ਚੁੱਕਦੇ ਹਨ:

> *ਆਹ ਸਾਲਾ ਲਾਲਿਆਂ ਦਾ, ਨਾ ਤਿੰਨਾਂ 'ਚੋਂ, ਨਾ ਤੇਰ੍ਹਾਂ 'ਚੋਂ। ਕਦੇ ਨੀਲਿਆਂ ਨਾਲ, ਕਦੇ ਚਿੱਟੀਆਂ ਨਾਲ, ਏਸ ਕੰਜਰ ਦੇ ਬੜਾ ਲੋਟ ਆਇਐ।... ਰੰਨ ਨੀ, ਕੰਨ ਨੀ, ਮਰਲਾ ਪੈਲੀ ਦਾ ਨੀ, ਡੱਕਾ ਤੋੜ ਕੇ ਦੂਹਰਾ ਨੀ ਕਰਦਾ।... ਚੰਗਾ ਖਾਂਦੈ, ਮੰਦਾ ਬੋਲਦੈ। ਰੱਬ ਨੀ ਯਾਦ ਇਹਦੇ। ਗੁਰਦੁਆਰਿਓਂ ਲੰਗਰ ਖਾ ਛੱਡਦਾ, ਚਿੱਟਾ ਬਗਲਾ ਉੂੰ ਬਣਿਆ ਰਹਿੰਦੈ...।*[9]

ਧਰਮ ਪ੍ਰਮੁੱਖ ਰੂਪ ਵਿਚ ਮਨੁੱਖ ਲਈ ਨੈਤਿਕ ਕਦਰਾਂ-ਕੀਮਤਾਂ ਵਾਲੀ ਜੀਵਨ-ਜਾਚ ਹੈ ਪਰੰਤੂ ਅਜੋਕਾ ਮਨੁੱਖ ਆਪਣੇ ਮਤਲਬ ਲਈ ਧਰਮ ਦਾ ਸਹਾਰਾ ਲੈ ਕੇ ਹਰ ਤਰ੍ਹਾਂ ਦਾ ਅਨੈਤਿਕ ਕਾਰਜ ਕਰ ਰਿਹਾ ਹੈ। ਧਰਮ ਦਾ ਅਖੌਤੀ ਰੂਪ ਉਸ ਦੇ ਗੁਨਾਹਾਂ ਅਤੇ ਪਾਪਾਂ ਉੱਤੇ ਪਰਦਾ ਪਾਉਂਦਾ ਹੈ। ਅਫਲਾਤੂ ਨਾਵਲ ਅਜੋਕੇ ਮਨੁੱਖ ਦੇ ਅਜਿਹੇ ਕਿਰਦਾਰ ਤੋਂ ਪਰਦਾ ਚੁੱਕਦਾ ਹੈ ਜੋ ਸਭ ਕੁਰੀਤੀਆਂ ਦੀ ਜੜ੍ਹ ਹੋਣ ਦੇ ਬਾਵਜੂਦ ਵੀ ਆਪਣੇ ਆਲੇ-ਦੁਆਲੇ ਦੇ ਭਾਈਚਾਰੇ ਵਿਚ ਭੱਦਰ ਪੁਰਸ਼ ਵਜੋਂ ਵਿਚਰਦਾ ਹੈ। ਡਾ. ਮਹਿਲ ਸਿੰਘ ਅਨੁਸਾਰ:

> *'ਅਫਲਾਤੂ' ਪੰਜਾਬੀ ਨਾਵਲ ਦੇ ਇਤਿਹਾਸ ਵਿਚ ਵੱਖਰੀ ਰਵਸ਼ ਦਾ ਨਾਵਲ ਹੈ। ਅਜੋਕੇ ਸਮਿਆਂ ਵਿਚ ਖਲਨਾਇਕ ਵਾਲੀਆਂ ਵਿਸ਼ੇਸ਼ਤਾਵਾਂ ਕਿਵੇਂ ਨਾਇਕਤੱਵ ਦਾ ਰੁਤਬਾ ਹਾਸਿਲ ਕਰ ਗਈਆਂ ਹਨ, ਇਸ ਦੇ ਪ੍ਰਸੰਗ ਇਸ ਨਾਵਲ ਵਿਚ ਖੁੱਲ੍ਹਦੇ ਹਨ।*[10]

ਨਾਵਲ ਵਿਚ ਬਿਧੀ ਚੰਦ ਕਾਮੁਕ, ਠੱਗ, ਕਾਤਲ, ਲੁਟੇਰਾ, ਫ਼ਰੇਬੀ, ਸਮੱਗਲਰ ਹੋਣ ਦੇ ਬਾਵਜੂਦ ਵੀ ਪਿੰਡ ਦਾ ਮੋਹਤਬਰ ਬੰਦਾ ਬਣਦਾ ਹੈ। ਉਸ ਦਾ ਖ਼ਾਲਸਾਈ ਸਰੂਪ ਉਸ ਦੇ ਮਾੜੇ ਕਾਰਨਾਮਿਆਂ ਨੂੰ ਢੱਕਣ ਲਈ ਹਥਿਆਰ ਹੈ। ਲੋਕਾਂ ਨੂੰ ਗੁਰਬਾਣੀ ਨਾਲ ਜੁੜਨ ਦੀ ਸਿੱਖਿਆ ਦੇਣ ਵਾਲਾ ਆਪ ਬਾਣੀ ਦੀ ਜੀਵਨ ਸ਼ੈਲੀ ਤੋਂ ਕੋਹਾਂ ਦੂਰ ਹੈ। ਆਪਣੇ ਔਗੁਣਾਂ ਨੂੰ ਲੁਕਾਉਣ ਖ਼ਾਤਰ ਉਹ ਕਦੇ ਮਾਲਸ਼ੀ, ਕਦੇ ਵੈਦ (ਅੱਖਾਂ ਦਾ), ਕਦੇ ਗ੍ਰੰਥੀ ਦੀ ਭੂਮਿਕਾ ਨਿਭਾ ਕੇ ਲੋਕ ਸੇਵਾ ਰਾਹੀਂ ਪਿੰਡ ਵਿਚ ਆਪਣੇ ਭਲੇਮਾਣਸ ਹੋਣ ਦਾ ਭਰਮ ਸਿਰਜਦਾ ਹੈ ਪਰੰਤੂ ਇਸ ਦੇ ਬਾਵਜੂਦ ਉਸ ਅੰਦਰਲਾ ਕਾਮੀ ਅਤੇ ਲੋਭੀ ਬਿਧੀਆ ਨਹੀਂ ਮਰਦਾ। ਉਹ ਮਾਲਸ਼ ਦੇ ਬਹਾਨੇ ਆਪਣੀ ਸਰੀਰਕ ਸੰਤੁਸ਼ਟੀ ਕਰਦਾ ਹੈ। ਸਿੰਗਾਪੁਰੀਆਂ ਦੇ ਘਰ ਸਹਿਜ-ਪਾਠ ਦੌਰਾਨ ਬਿਧੀ ਚੰਦ ਦੇ ਕਾਮੀ ਸੁਭਾਅ ਕਰਕੇ ਬੀਬੋ ਨਾਲ ਬਣਾਏ ਸੰਬੰਧ ਵਿਅਕਤੀ ਦੇ ਅਖੌਤੀ ਧਾਰਮਿਕ ਕਿਰਦਾਰ ਉੱਤੇ ਵਿਅੰਗ ਹਨ। ਉਹ ਭੰਤੋਂ ਨਾਲ ਵੀ ਜਿਨਸੀ-ਸੰਬੰਧਾਂ ਵਿਚ ਰਹਿੰਦਾ ਹੈ। ਨੀਲੂ ਅਤੇ ਸਰਪੰਚ ਵੀਰਪਾਲ ਕੌਰ ਵੱਲ ਵੀ ਕਾਮੀ ਨਿਗਾਹਾਂ ਨਾਲ ਤੱਕਦਾ ਹੈ। ਪਿੰਡ ਵਿਚ ਭੰਤੋਂ ਅਤੇ ਬੀਬੋ ਨਾਲ ਉਸ ਦੇ ਸੰਬੰਧਾਂ ਦੇ ਭੇਦ ਖੁੱਲ੍ਹਣ ਦੇ ਬਾਵਜੂਦ ਵੀ ਉਹ ਲੋਕਾਂ ਦੀ ਪਰਵਾਹ ਨਹੀਂ ਕਰਦਾ ਅਤੇ ਨਿਡਰ ਹੋ ਕੇ ਲੋਕਾਂ ਵਿਚ ਵਿਚਰਦਾ ਹੈ। ਉਸ ਨੂੰ ਆਪਣੀਆਂ ਬੁਰੀਆਂ ਆਦਤਾਂ ਉੱਤੇ ਕੋਈ ਅਫ਼ਸੋਸ ਨਹੀਂ। ਬੀਬੋ ਜਦੋਂ ਬਿਧੀ ਚੰਦ ਨਾਲ ਬਣਾਏ ਸੰਬੰਧਾਂ ਕਰਕੇ ਆਪਣੇ-ਆਪ ਨੂੰ ਪਾਪਾਂ ਦੀ ਭਾਗੀ ਮਹਿਸੂਸ ਕਰਦੀ ਹੈ ਤਾਂ ਬਿਧੀ ਚੰਦ ਬਹੁਤ ਹੀ ਚਲਾਕੀ ਨਾਲ ਸਭ ਹੋਏ ਕੀਤੇ ਨੂੰ ਰੱਬ ਦੇ ਹੁਕਮ ਨਾਲ ਜੋੜਦਾ ਹੈ ਅਤੇ ਗੁਰਬਾਣੀ ਦੀਆਂ ਤੁਕਾਂ ਨੂੰ ਤਰੋੜ-ਮਰੋੜ ਕੇ ਅਰਥਾਂ ਦਾ ਅਨਰਥ ਕਰਦਾ ਹੋਇਆ ਕਹਿੰਦਾ ਹੈ ਕਿ,

> *"ਇਸ ਤਰ੍ਹਾਂ ਕਿਉਂ ਸੋਚਦੀ ਐਂ ਮੂਰਖੇ। ਬੰਦੇ ਦੇ ਆਪਣੇ ਵੱਸ ਕੁਝ ਨਹੀਂ ਹੁੰਦਾ। ਜੋ ਕਰਦਾ ਹੈ ਜਾ ਕਰਵਾਉਂਦਾ ਹੈ ਸਭ ਓਹੀ। ਕਰਤਾਰ। ਵਾਹਿਗੁਰੂ।' ਬਿਧੀ ਚੰਦ ਨੇ ਉੱਪਰ ਵੱਲ ਝਾਕ ਕੇ ਹੱਥ ਜੋੜੇ।... 'ਕਰੇ ਕਰਾਏ ਆਪੇ ਆਪ, ਮਾਣਸ ਕੈ ਕਿਛ ਨਾਹੀਂ ਹਾਥ।'... ਬੰਦੇ ਦੇ ਹੱਥ-ਵਸ ਕੁਛ ਨਹੀਂ ਹੈ। ਓਹੀ ਹੁਕਮ ਦਿੰਦਾ ਹੈ। ਜਦ ਬਾਣੀ ਨਾਲ ਜੁੜੇ ਹਾਂ ਤਾਂ ਪੁੰਨ ਵੀ ਓਹੀ ਕਰਵਾਉਂਦਾ ਹੈ। ਪਾਪ ਵੀ ਉਹੀ ਕਰਵਾਉਂਦਾ ਹੈ। ਬੰਦਾ ਤਾਂ ਉਸਦੇ ਹੱਥਾਂ ਦੀ ਕਠਪੁਤਲੀ ਹੈ ਬੀਬੋ। ਮੈਂ ਤਾਂ ਆਪਣਾ ਆਪ ਸਭ ਉਸ ਡਾਹਦੇ ਨੂੰ ਸੌਂਪ ਦਿੱਤਾ ਹੈ।"*[11]

ਬਲਦੇਵ ਸਿੰਘ ਦੇ ਨਾਵਲ ਅੰਨਦਾਤਾ ਅਤੇ ਖਾਕੂ ਜੇਡੁ ਨ ਕੋਇ ਵਿਚ ਵੀ ਭਗਤੂ ਪਾਤਰ ਰਾਹੀਂ ਧਰਮ ਦੇ ਪਰਦੇ ਹੇਠ ਵਿਅਕਤੀ ਦੇ ਲੋਟੂ ਕਿਰਦਾਰ ਨੂੰ ਨਸ਼ਰ ਕੀਤਾ ਗਿਆ ਹੈ। ਆਰਥਿਕਤਾ ਦਾ ਭੰਨਿਆ ਭਗਤੂ ਮਿਹਨਤਹੀਣ ਬਿਰਤੀ ਕਰਕੇ ਚੱਕ ਬੁੜ ਸਿੰਘ ਦੀ ਸਮਾਧ ਉੱਤੇ ਡੇਰਾ ਸਥਾਪਿਤ ਕਰਦਾ ਹੈ। ਡੇਰਾਵਾਦ ਵਿਚ ਵਿਅਕਤੀਤਵ ਦੀ ਪ੍ਰਧਾਨਤਾ ਹੁੰਦੀ ਹੈ। ਭਗਤੂ ਵੀ ਸਾਧਾ ਰਾਮ ਨਾਲ ਮਿਲਣ ਮਗਰੋਂ ਰਾਤੋਂ-ਰਾਤ ਸਾਧ ਬਣ ਜਾਂਦਾ ਹੈ। ਧਰਮ ਦੇ ਨਾਮ ਉੱਤੇ ਉਹ ਨੈਤਿਕਤਾ ਦਾ ਪਰਦਾ ਪਾ ਕੇ ਹਰ ਤਰ੍ਹਾਂ ਦਾ ਅਨੈਤਿਕ ਕਾਰਜ ਕਰਦਾ ਹੈ। ਕਤਲ, ਸਰੀਰਕ ਸ਼ੋਸ਼ਣ, ਗੁਰੂ ਘਰ ਦੀ ਗੋਲਕ ਦੇ ਨਾਮ ਉੱਤੇ ਮਾਇਆ ਬਟੋਰਣਾ, ਧਰਮ ਦੀ ਸੱਤਾ ਹਥਿਆਉਣਾ, ਸ਼ਰਾਬ ਦਾ ਸੇਵਨ ਹਰ ਤਰ੍ਹਾਂ ਦਾ ਅਨੈਤਿਕ ਕਾਰਜ ਉਸ ਦੇ ਡੇਰੇ ਵਿਚ ਹੁੰਦਾ ਹੈ। ਉਹ ਧਰਮ ਨੂੰ ਹਥਿਆਰ ਵਜੋਂ ਵਰਤ ਕੇ ਸੱਤਾ ਨੂੰ ਹਥਿਆਉਣ ਲਈ ਅਤੇ ਭੋਲੀ-ਭਾਲੀ ਜਨਤਾ ਨੂੰ ਮਗਰ ਲਾਉਣ ਲਈ ਤਤਪਰ ਹੈ। ਪੰਜਾਬ ਵਿਚ ਧਰਮ ਦੀ ਓਟ ਵਿਚ ਡੇਰਿਆਂ ਦਾ ਵੱਧ ਰਿਹਾ ਪ੍ਰਭਾਵ ਅਤੇ ਇੱਥੋਂ ਦੇ ਪ੍ਰਬੰਧਕਾਂ ਦੀ ਮਨਮੁਖੀ ਬਿਰਤੀ ਚਿੰਤਾ ਦਾ ਵਿਸ਼ਾ ਹੈ। ਭਗਤੂ ਲਈ ਪਿੰਡ ਵਾਸੀਆਂ ਦੀ ਗੁਰਬਾਣੀ ਅਤੇ ਧਰਮ ਪ੍ਰਤੀ ਸ਼ਰਧਾ ਵੀ ਸਹਾਇਕ ਸਾਧਨ ਹਨ। ਉਹ ਖੇਤਾਂ ਵਿਚ ਗੁਰਬਾਣੀ ਲਾ ਕੇ ਵੱਧ ਝਾੜ ਅਤੇ ਉਪਜਾਊ ਫ਼ਸਲ ਪੈਦਾ ਕਰਨ ਦੀ ਭਰਮਾਊ ਜੁਗਤ ਰਾਹੀਂ ਭੋਲੇ-ਭਾਲੇ ਪਿੰਡ ਵਾਸੀਆਂ ਨੂੰ ਧਰਮ ਦੇ ਨਾਮ ਉੱਤੇ ਗੁੰਮਰਾਹ ਕਰਦਾ ਹੈ ਅਤੇ ਭੀਰੋ ਦੀ ਆਰਥਿਕ ਮਜਬੂਰੀ ਦਾ ਫ਼ਾਇਦਾ ਚੁੱਕ ਉਸ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਵੀ ਕਰਦਾ ਹੈ। ਸ਼ਹਿਰ ਦੇ ਵੱਡੇ ਲੀਡਰਾਂ ਅਤੇ ਪੁਲਿਸ ਮਹਿਕਮੇ ਨਾਲ ਉਸ ਦੀ ਭਾਈਵਾਲੀ ਹੈ।

ਮੌਕਾਪ੍ਰਸਤ ਬਿਰਤੀ ਦੇ ਧਾਰਨੀ ਬੰਦਿਆਂ ਲਈ ਆਪਣੇ ਆਲੇ-ਦੁਆਲੇ ਵਿਚ

ਸ਼ੁਹਰਤ ਹਾਸਲ ਕਰਨਾ, ਮਾਨਸਿਕ ਸੰਤੁਸ਼ਟੀ ਪਹੁੰਚਾਉਂਦਾ ਹੈ। ਅਫਲਾਤੂ ਨਾਵਲ ਦਾ ਪਾਤਰ ਬਿਧੀ ਚੰਦ ਉਰਫ਼ ਬਿਧੀ ਚੰਦ ਸਿੰਘ ਖ਼ਾਲਸਾ ਮਾਇਆ ਇਕੱਤਰ ਨਹੀਂ ਕਰਨਾ ਚਾਹੁੰਦਾ। ਉਹ ਕੇਵਲ ਦੁਨੀਆ ਨੂੰ ਆਪਣੇ ਅੱਗੇ-ਪਿੱਛੇ ਘੁੰਮਦਾ ਵੇਖਣਾ ਚਾਹੁੰਦਾ ਹੈ ਜਿਸ ਕਰਕੇ ਉਹ ਪਿੰਡ ਦੇ ਸਰਪੰਚ ਸੇਵਾ ਸਿੰਘ ਨਾਲ ਆਪਣੀ ਤੀਖਣ ਸੂਝ ਦੇ ਪ੍ਰਭਾਵ ਰਾਹੀਂ ਨੇੜਤਾ ਬਣਾਉਂਦਾ ਹੈ ਅਤੇ ਉਸ ਨੂੰ ਉਹਨਾਂ ਦਾ ਸਲਾਹਕਾਰ ਹੋਣ ਦਾ ਝੂਠਾ ਭਰੋਸਾ ਦਿਵਾਉਂਦਾ ਹੈ। ਉਸਦੀ ਸ਼ੁਹਰਤ ਦੀ ਭੁੱਖ ਦਾ ਭੇਦ ਬੀਬੋ ਨਾਲ ਕੀਤੀ ਵਾਰਤਾਲਾਪ ਰਾਹੀਂ ਖੁੱਲ੍ਹਦਾ ਹੈ:

> *ਬੀਬੋ ਦੀ ਗੱਲ 'ਤੇ ਬਿਧੀ ਚੰਦ ਹੱਸਣ ਲੱਗਾ। ਫਿਰ ਬੋਲਿਆ, ਬਥੇਰੇ ਪਾਪੜ ਵੇਲੇ ਐ ਬੀਬੋ। ਹੁਣ ਵੀ ਵੇਲੀ ਜਾਨੈ। ਮਨ ਵਿਚ ਹੈ, ਐਨੀ ਦੌਲਤ ਦੇ ਮਾਲਕ ਵੀ ਕਹਿਣ... ਔਹ ਜਾਂਦੈ ਬਿਧੀ ਚੰਦ। ਪੈਸੇ ਵਾਲਿਆਂ ਨੂੰ ਮੇਰੀ ਲੋੜ ਹੋਵੇ। ਲੀਡਰ ਲੋਕਾਂ ਨੂੰ ਮੈਂ ਬੇਵਕੂਫ਼ ਬਣਾ ਸਕਾਂ, ਉਹਨਾਂ ਨਾਲੋਂ ਚੰਗਾ ਖਾਵਾਂ, ਉਹਨਾਂ ਨਾਲੋਂ ਚੰਗਾ ਹੰਢਾਵਾਂ। ਉਹ ਜਾਣ ਲੈਣ, ਵੱਡੇ ਲੀਡਰ ਬਣ ਕੇ, ਜ਼ਮੀਨਾਂ ਦੇ ਮਾਲਕ ਬਣ ਕੇ, ਜਾਂ ਵੱਡੇ ਵੱਡੇ ਕਾਰਖ਼ਾਨੇ ਲਾ ਕੇ ਹੀ ਐਸ਼ ਨਹੀਂ ਕੀਤੀ ਜਾ ਸਕਦੀ, ਜਵਾਂ ਨੰਗ ਹੋ ਕੇ ਵੀ ਐਸ਼ ਕੀਤੀ ਜਾ ਸਕਦੀ ਹੈ।*[12]

ਬਿਧੀ ਚੰਦ ਆਪਣੀ ਕਹਿਣੀ ਅਤੇ ਕਰਨੀ ਉੱਤੇ ਇਕੋ ਜਿਹਾ ਉਤਰਦਾ ਹੈ। ਉਹ ਪਿੰਡ ਦੇ ਸਰਪੰਚਾਂ ਨੂੰ ਆਸਾਨੀ ਨਾਲ ਮੂਰਖ ਬਣਾ ਕੇ ਉਹਨਾਂ ਦਾ ਹਮਦਰਦ ਹੋਣ ਦਾ ਭਰਮ ਸਿਰਜਦਾ ਹੈ। ਉਹ ਲੀਡਰਾਂ ਨਾਲੋਂ ਵੀ ਵੱਡਾ ਸਿਆਸੀ ਸਾਬਤ ਹੁੰਦਾ ਹੈ ਜੋ ਸਮੇਂ ਦੀ ਨਜ਼ਾਕਤ ਮੁਤਾਬਿਕ ਰਾਜਨੀਤਕ ਪਾਰਟੀਆਂ ਬਦਲਦਾ ਹੈ। ਅਕਾਲੀਆਂ ਦੀ ਸਰਕਾਰ ਸਮੇਂ ਨੀਲੀ ਪੱਗ, ਕਾਂਗਰਸੀਆਂ ਦੀ ਚੜ੍ਹਤ ਸਮੇਂ ਚਿੱਟੀ ਅਤੇ ਖਾੜਕੂਵਾਦ ਦਾ ਪ੍ਰਭਾਵ ਵੱਧਣ ਸਮੇਂ ਉਹ ਕੇਸਰੀ ਪੱਗ ਨਾਲ ਰੰਗ ਵਟਾਉਂਦਾ ਹੈ।

ਪਿੰਡ ਵਿਚ ਸਰਪੰਚੀ ਦੀਆਂ ਚੋਣਾਂ ਵੇਲੇ ਉਹ ਦੋਹਾਂ ਪਾਰਟੀਆਂ ਅਕਾਲੀ ਅਤੇ ਕਾਂਗਰਸ ਦੇ ਉਮੀਦਵਾਰਾਂ ਦਾ ਪੱਕਾ ਹਮਾਇਤੀ ਬਣਦਾ ਹੈ ਅਤੇ ਸਿਆਸੀ ਹਵਾ ਦਾ ਰੁੱਖ਼ ਵੇਖ ਕੇ ਜੇਤੂ ਧਿਰ ਵੱਲ ਝੁਕਾਅ ਕਰ ਲੈਂਦਾ ਹੈ। ਪਿੰਡ ਵਿਚ ਸਿਆਸੀ ਰੁਖ਼ ਅਕਾਲੀ ਪੱਖੀ ਹੋਣ ਕਰਕੇ ਬਿਧੀ ਚੰਦ ਨੀਲੀ ਪੱਗ ਬੰਨ ਲੈਂਦਾ ਹੈ। ਉਹ ਅਕਾਲੀਆਂ ਦੀ ਉਮੀਦਵਾਰ ਵੀਰਪਾਲ ਦੀ ਚੋਣਾਂ ਸਮੇਂ ਹਰ ਤਰ੍ਹਾਂ ਦੀ ਮਦਦ ਦਾ ਦਾਅਵਾ ਕਰਦਾ ਹੈ ਅਤੇ ਸ਼ਾਮ ਵੇਲੇ ਕਾਂਗਰਸੀ ਸਰਪੰਚ ਸੇਵਾ ਸਿੰਘ ਦੇ ਘਰ ਭੇਦ ਕੱਢਣ ਜਾਂਦਾ ਹੈ। ਇਸ ਤਰ੍ਹਾਂ ਉਹ ਦੋਹਾਂ ਧਿਰਾਂ ਦਾ ਖ਼ਾਸ ਬੰਦ ਬਣ ਜਾਂਦਾ ਹੈ ਪਰ ਉਸ ਦਾ ਅਸਲ ਮਕਸਦ ਦੋਹਾਂ ਪਾਰਟੀਆਂ ਨੂੰ ਆਪਣੇ ਇਸ਼ਾਰਿਆਂ ਉੱਤੇ ਨਚਾਉਂਦਾ ਹੈ। ਸਰਪੰਚ ਸੇਵਾ ਸਿੰਘ ਵੱਲੋਂ ਬਿਧੀ ਚੰਦ ਦੇ ਨੀਲੀ ਪੱਗ ਬੰਨਣ ਉੱਤੇ ਇਤਰਾਜ਼ ਜਤਾਉਣ ਵੇਲੇ ਉਹ ਸਰਪੰਚ ਨੂੰ ਜਵਾਬ ਦਿੰਦਾ ਹੈ ਕਿ,

> *"ਸਰਪੰਚ ਸਾਹਬ ਲੋਕਾਂ ਨੂੰ ਤਾਂ ਭਕਾਈ ਮਾਰਨ ਦੀ ਆਦਤ ਐ। ਉਹਨਾਂ ਨੂੰ ਕੀ ਪਤੈ, ਡੱਡਾਂ ਛੱਪੜ 'ਚ ਪਾਣੀ ਕਦੋਂ ਪੀਂਦੀਐਂ। ਰਾਜਨੀਤੀ ਇਹ ਕੀ ਕਰਨਗੇ? ਭਲਾ ਮੈਨੂੰ ਐਂ ਦੱਸ ਸਰਪੰਚਾ, ਨੀਲੀ ਪੱਗ ਬੰਨ੍ਹ ਕੇ ਮੈਂ ਕਾਲੀ ਬਣ ਗਿਆ? ਦੱਸ ਮੈਨੂੰ...? ਚੱਲ ਛੱਡ, ਮੈਂ ਚਿੱਟੀ ਬੰਨ੍ਹ ਲੈਨਾ। ਜੇ ਅੰਦਰੋਂ ਕਾਲੀਆਂ ਦੀ ਮਦਦ ਕਰੀ ਜਾਵਾਂ ਫੇਰ? ਉਹ ਚੰਗੈ...? ਹੁਣ ਜੇ ਮੈਂ ਨੀਲੀ ਬੰਨ੍ਹ ਕੇ, 'ਕਾਲੀਆਂ ਦੇ ਸਾਰੇ ਭੇਤ ਲੈ ਲਾਂ ਤੇ ਮਦਦ ਕਰੀ ਜਾਵਾਂ ਤੇਰੀ ਜਾਣੀ, ਕਾਂਗਰਸੀਆਂ ਦੀ, ਉਹ ਨੀ ਠੀਕ ਹੈ?"* [13]

ਅਜਿਹੀਆਂ ਗੱਲਾਂ ਕਰਕੇ ਉਹ ਸਰਪੰਚ ਸੇਵਾ ਸਿੰਘ ਦਾ ਦਿਲ ਜਿੱਤਦਾ ਹੈ। ਬਿਧੀ ਚੰਦ ਨੂੰ ਕਿਸੇ ਵੀ ਪਾਰਟੀ ਦੀ ਜਿੱਤ-ਹਾਰ ਨਾਲ ਕੋਈ ਮਤਲਬ ਨਹੀਂ ਹੁੰਦਾ। ਉਹ ਕੇਵਲ ਆਪਣਾ ਕੰਮ ਕਢਵਾਉਂਦਾ ਹੈ। ਆਪਣੀਆਂ ਸਿਆਸੀ ਚਾਲਾਂ ਕਰਕੇ ਬਿਧੀ ਚੰਦ ਜੀਵਨ ਦੀਆਂ ਸਭ ਮੰਜ਼ਿਲਾਂ ਤੈਅ ਕਰਦਾ ਹੋਇਆ ਵੀਰਪਾਲ ਦੇ ਕੈਨੇਡਾ ਤੋਂ ਆਏ ਪੁੱਤਰ ਗੁਰਪ੍ਰੀਤ ਦਾ ਸਹਾਰਾ ਲੈ ਕੇ ਆਖ਼ਿਰ ਕੈਨੇਡਾ ਦਾ ਜਹਾਜ ਜਾ ਚੜ੍ਹਦਾ ਹੈ। ਉਸ ਦੇ ਸਾਰੇ ਮਿੱਤਰ ਉਸ ਦੇ ਕਾਲੇ ਕਾਰਨਾਮਿਆਂ ਦਾ ਸਾਰਾ ਭੇਦ ਜਾਣਦੇ ਹੋਏ ਵੀ ਚੁੱਪੀ ਧਾਰਦੇ ਹਨ।

ਸੂਤਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ ਦੇ ਨਾਵਲ ਇੱਕੀਵੀਂ ਸਦੀ ਦੇ ਦੰਭੀ, ਸੁਆਰਥੀ, ਮੌਕਾਪ੍ਰਸਤ, ਦੋਗ਼ਲੇਪਨ ਕਿਰਦਾਰ ਵਾਲੇ ਵਿਅਕਤੀ ਦਾ ਸਫ਼ਲ ਬਿਰਤਾਂਤ ਸਿਰਜਦੇ ਹਨ। ਨਾਵਲ ਅਫਲਾਤੂ ਵਿਚਲਾ ਪਾਤਰ ਬਿਧੀ ਚੰਦ ਅਸਲ ਵਿਚ ਅਜੋਕੇ ਖ਼ਪਤਵਾਦੀ ਮਨੁੱਖ ਦਾ ਹੀ ਪ੍ਰਤੀਨਿਧ ਹੈ ਜੋ ਨਿੱਜੀ ਸਵਾਰਥ ਲਈ ਆਪਣੀਆਂ ਨੈਤਿਕ ਮਰਿਆਦਾਵਾਂ ਦੇ ਭੰਜਨ ਤੋਂ ਗੁਰੇਜ਼ ਨਹੀਂ ਕਰਦਾ। ਵਿਅਕਤੀ ਦੀ ਸੈਂ-ਕੇਂਦਰੀਕਰਨ ਦੀ ਰੁਚੀ ਨੇ ਉਸ ਵਿਚ ਮਾਨਵਵਾਦੀ ਭਾਵਨਾਵਾਂ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ। ਇਸ ਸਦੀ ਵਿਚ ਨੈਤਿਕਤਾ, ਈਮਾਨਦਾਰੀ, ਭਾਈਚਾਰਕ ਸਾਂਝ, ਰਿਸ਼ਤੇ ਅਤੇ ਸੁਹਿਰਦਤਾ ਦਾ ਕੋਈ ਮੁੱਲ ਨਹੀਂ। ਨਾਵਲਕਾਰ ਅਨੁਸਾਰ ਅਜੋਕੀ ਦੁਨੀਆ ਬਿਧੀ ਚੰਦ ਜਿਹੇ ਪਾਤਰਾਂ ਦੀ ਹੈ ਜੋ ਧਰਮ ਦਾ ਮਖੌਟਾ ਪਹਿਨ ਕੇ ਸ਼ਰੇਆਮ ਲੋਕਾਂ ਨੂੰ ਲੁੱਟਦੇ ਹਨ ਅਤੇ ਹਰ ਅਨੈਤਿਕ ਕਾਰਜ (ਕਾਮੁਕ, ਚੋਰੀ, ਕਤਲ, ਰਾਜਨੀਤਕ ਪੈਂਤੜੇ, ਝੂਠ, ਫਰੇਬੀ, ਨਸ਼ਾ) ਦੇ ਬਾਵਜੂਦ ਵੀ ਆਪਣੇ ਆਲੇ-ਦੁਆਲੇ ਵਿਚ ਮੋਹਤਬਰ ਵਜੋਂ ਵਿਚਰਦੇ ਹਨ। ਅੱਜ ਦਾ ਵਿਅਕਤੀ ਖਲਨਾਇਕ ਵਾਲੀਆਂ ਰੁਚੀਆਂ ਧਾਰਨ ਕਰ ਨਾਇਕਤੱਵ ਦਾ ਭਰਮ ਸਿਰਜ ਰਿਹਾ ਹੈ। ਅਸਲ ਵਿਚ ਨੈਤਿਕਤਾ ਦਾ ਮਖੌਟਾ ਧਾਰੇ ਅਸੀਂ ਸਾਰੇ ਬਿਧੀ ਚੰਦ ਅਤੇ ਭਗਤੂ ਦੇ ਰਾਹ ਉੱਤੇ ਪਏ ਹਾਂ।

## *ਹਵਾਲੇ ਅਤੇ ਟਿੱਪਣੀਆਂ*


1. *ਬਲਦੇਵ ਸਿੰਘ, ਅਫਲਾਤੂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਬੈਕ ਕਵਰ।*
2. *ਪੰਜਾਬੀ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1967, ਪੰਨਾ: 62.*
3. *ਜੱਗੀ, ਰਤਨ ਸਿੰਘ (ਡਾ.), ਪੰਜਾਬੀ ਸਾਹਿਤ ਸੰਦਰਭ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ: 64.*
4. *ਨਾਭਾ, ਕਾਨ੍ਹ ਸਿੰਘ (ਭਾਈ), ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ: 62.*

5. ਪੰਜਾਬੀ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1967, ਪੰਨਾ: 62.
6. ਬਲਦੇਵ ਸਿੰਘ, ਅਫਲਾਤੂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ: 10.
7. -ਉਹੀ-, ਪੰਨਾ: 85.
8. -ਉਹੀ-, ਪੰਨਾ: 180.
9. -ਉਹੀ-, ਪੰਨਾ: 226.
10. ਮਹਿਲ ਸਿੰਘ (ਡਾ.), "ਅਫਲਾਤੂ" (ਪੁਸਤਕ ਰਿਵਿਊ), ਸੰਵਾਦ ਅੰਕ 02, ਜੁਲਾਈ-ਦਸੰਬਰ 2015, ਪੰਨਾ: 141.
11. ਬਲਦੇਵ ਸਿੰਘ, ਅਫਲਾਤੂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ: 141.
12. -ਉਹੀ-, ਪੰਨੇ: 197-198.
13. -ਉਹੀ-, ਪੰਨਾ: 222-223.



## *Cite this Article-*

*ਡਾ. ਸਰਵਦੀਪ ਕੌਰ (Dr. Saravdeep Kaur), ਇੱਕੀਵੀਂ ਸਦੀ ਦੇ ਦੰਭੀ ਮਨੁੱਖ ਦਾ ਬਿਰਤਾਂਤ: ਅਫਲਾਤੂ (Ikivi Sdi De Dambhi Manukh Da Birtant: Aflatu), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 110-114.*

*Journal URL:* *www.armaan.org.in*

*DOI:* *https://doi.org/10.64119/armaan.vol.4.issue1.20*


*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/